Public Guardian and Trustee of British Columbia

# ਅਪਾਹਜਤਾਵਾਂ ਵਾਲੇ ਲੋਕਾਂ ਲਈ ਜਾਣਕਾਰੀ ਜਿਹੜੇ ਕਿਸੇ ਟਰੱਸਟ ਦੇ ਲਾਭ-ਪਾਤਰ ਹੁੰਦੇ ਹਨ

## ਟਰੱਸਟ ਕੀ ਹੈ?

ਟਰੱਸਟ ਤਿੰਨ ਧਿਰਾਂ ਵਿਚਕਾਰ ਇਕ ਕਾਨੂੰਨੀ ਸੰਬੰਧ ਹੈ: *ਸੈਟਲਰ* ਟਰੱਸਟ ਬਣਾਉਂਦਾ ਹੈ, ਇਸ ਵਿਚ ਜਾਇਦਾਦ ਦਾ ਯੋਗਦਾਨ ਪਾਉਂਦਾ ਹੈ, ਇਹ ਹਿਦਾਇਤਾਂ ਤਹਿ ਕਰਦਾ ਹੈ ਕਿ ਜਾਇਦਾਦ ਤੋਂ ਕਿਸੇ ਨੂੰ ਫਾਇਦਾ ਹੋਵੇਗਾ ਅਤੇ ਜਾਇਦਾਦ ਕਿਵੇਂ ਵਰਤੀ ਜਾਂ ਸਾਂਭੀ ਜਾਣੀ ਹੈ; *ਟਰੱਸਟੀ* ਟਰੱਸਟ ਵਿਚ ਜਾਇਦਾਦ ਦੇ ਕੰਟਰੋਲ ਅਤੇ ਪ੍ਰਬੰਧ ਲਈ ਨਿਯੁਕਤ ਕੀਤਾ ਜਾਂਦਾ ਹੈ; ਅਤੇ *ਬੈਨੇਫਿਸ਼ਰੀ* (ਲਾਭ-ਪਾਤਰ) ਉਹ ਵਿਅਕਤੀ ਹੈ ਜਿਸ ਨੂੰ ਟਰੱਸਟ ਦੀ ਮਾਲਕੀ ਵਾਲੀ ਜਾਇਦਾਦ ਤੋਂ ਵੱਖ ਵੱਖ ਤਰੀਕਿਆਂ ਨਾਲ ਲਾਭ ਹੋ ਸਕਦਾ ਹੈ।

ਟਰੱਸਟੀ ਨੂੰ ਟਰੱਸਟ ਦੀ ਪ੍ਰਾਪਰਟੀ ਦਾ ਪ੍ਰਬੰਧ ਟਰੱਸਟ ਦੇ ਪੇਪਰ (ਡਾਕੂਮੈਂਟ) ਵਿਚਲੀਆਂ ਹਿਦਾਇਤਾਂ ਮੁਤਾਬਕ ਚਲਾਉਣਾ ਪੈਂਦਾ ਹੈ ਅਤੇ ਉਸ ਲਈ ਉਸ ਪ੍ਰਾਪਰਟੀ ਦੀ ਵਰਤੋਂ ਸਿਰਫ ਲਾਭ-ਪਾਤਰਾਂ (ਬੈਨੇਫਿਸ਼ਰੀਜ਼) ਦੇ ਫਾਇਦੇ ਲਈ ਕਰਨਾ ਜ਼ਰੂਰੀ ਹੈ। ਜੇ ਟਰੱਸਟ ਦੇ ਪੇਪਰਾਂ ਵਿਚ ਖਾਸ ਤੌਰ 'ਤੇ ਕੋਈ ਜ਼ਿਕਰ ਨਹੀਂ ਕੀਤਾ ਗਿਆ ਤਾਂ ਕੋਈ ਤੀਜੀ ਧਿਰ ਟਰੱਸਟ ਤੋਂ ਫਾਇਦਾ ਲੈਣ ਲਈ ਹੱਕਦਾਰ ਨਹੀਂ ਹੈ। ਟਰੱਸਟ ਕਿਸੇ ਦੀ ਵਸੀਅਤ ਵਿਚ ਕਾਇਮ ਕੀਤਾ ਜਾ ਸਕਦਾ ਹੈ ("ਟੈਸਟਾਮੈਂਟਰੀ ਟਰੱਸਟ") ਜਾਂ ਕਿਸੇ ਵਿਅਕਤੀ ਵਲੋਂ ਬਣਾਏ ਗਏ ਟਰੱਸਟ ਦੇ ਪੇਪਰ ਜਿਹੜੇ ਉਸ ਦੀ ਜ਼ਿੰਦਗੀ ਦੌਰਾਨ ਹੀ ਲਾਗੂ ਹੋ ਜਾਂਦੇ ਹਨ ("ਇੰਟਰਵੀਵੋਜ਼" ਟਰੱਸਟ)।

ਜਿਹੜਾ ਪੇਪਰ ਟਰੱਸਟ ਕਾਇਮ ਕਰਦਾ ਹੈ, ਉਹ ਹਰ ਲਾਭ-ਪਾਤਰ ਲਈ ਮੌਜੂਦ ਫਾਇਦਿਆਂ ਦੀ ਕਿਸਮ ਅਤੇ ਕਾਰਜ ਖੇਤਰ ਬਾਰੇ ਦੱਸਦਾ ਹੈ ਅਤੇ ਟਰੱਸਟੀ ਦੇ ਫਰਜ਼ਾਂ ਅਤੇ ਤਾਕਤਾਂ ਬਾਰੇ ਦੱਸਦਾ ਹੈ। ਟਰੱਸਟੀ ਦੀਆਂ ਆਮ ਜ਼ਿੰਮੇਵਾਰੀਆਂ ਅਤੇ ਤਾਕਤਾਂ *ਟਰੱਸਟੀ ਐਕਟ* ਵਿਚ ਵੀ ਦੇਖੀਆਂ ਜਾ ਸਕਦੀਆਂ ਹਨ।

## ਟਰੱਸਟੀ ਇਹ ਫੈਸਲਾ ਕਿਵੇਂ ਕਰਦਾ ਹੈ ਕਿ ਕੋਈ ਲਾਭ ਕਦੋਂ ਦੇਣਾ ਹੈ?

ਇਕ "ਗੈਰ ਮਰਜ਼ੀ ਦਾ" ਟਰੱਸਟ ਟਰੱਸਟੀ ਤੋਂ ਲਾਭ-ਪਾਤਰਾਂ ਨੂੰ ਖਾਸ ਪੇਮੈਂਟਾਂ ਕਰਨ ਦੀ ਮੰਗ ਕਰਦਾ ਹੈ।

"ਮਰਜ਼ੀ ਦਾ" ਟਰੱਸਟ, ਟਰੱਸਟੀ ਨੂੰ ਇਸ ਬਾਰੇ ਮਰਜ਼ੀ ਕਰਨ ਦਿੰਦਾ ਹੈ ਕਿ ਕੀ ਫੰਡ ਲਾਭ-ਪਾਤਰ ਨੂੰ ਦਿੱਤੇ ਜਾਣੇ ਚਾਹੀਦੇ ਹਨ।

ਜਦੋਂ ਟਰੱਸਟੀ ਦੀ ਮਰਜ਼ੀ ਹੁੰਦੀ ਹੈ ਤਾਂ ਕਿਸੇ ਖਾਸ ਲਾਭ-ਪਾਤਰ ਨੂੰ ਲਾਭ ਦੇਣ ਬਾਰੇ ਫੈਸਲਾ ਕਰਨ ਵੇਲੇ ਉਸ ਲਈ ਅੱਗੇ ਲਿਖੀਆਂ ਚੀਜ਼ਾਂ ਵਿਚਾਰਨਾ ਜ਼ਰੂਰੀ ਹੈ:

- ਟਰੱਸਟ ਦੀਆਂ ਖਾਸ ਸ਼ਰਤਾਂ;
- ਲਾਭ-ਪਾਤਰ ਦੀ ਮੌਜੂਦਾ ਹਾਲਤ;
- ਕੀ ਲਾਭ-ਪਾਤਰ ਨੂੰ ਹੋਰ ਲਾਭ ਮਿਲ ਰਹੇ ਹਨ ਜਿਨ੍ਹਾਂ 'ਤੇ ਅਸਰ ਪੈ ਸਕਦਾ ਹੈ;
- ਲਾਭ ਦੀ ਮਦਦ ਕਰਨ ਲਈ ਟਰੱਸਟ ਦੀ ਵਿੱਤੀ ਸਮਰੱਥਾ;
- ਟਰੱਸਟ ਅਤੇ ਲਾਭ-ਪਾਤਰ ਲਈ ਇਨਕਮ ਟੈਕਸ ਦੇ ਕੋਈ ਸੰਭਵ ਸਿੱਟੇ; ਅਤੇ
- ਹੋਰ ਲਾਭ-ਪਾਤਰਾਂ 'ਤੇ ਕੋਈ ਸੰਭਾਵੀ ਅਸਰ।

ਟਰੱਸਟ ਦੇ ਪ੍ਰਬੰਧ ਦਾ ਇਕ ਮਹੱਤਵਪੂਰਨ ਆਮ ਅਸੂਲ "ਈਵਨ ਹੈਂਡ ਰੂਲ" ਹੈ ਜਿਹੜਾ ਟਰੱਸਟੀ ਤੋਂ ਮੰਗ ਕਰਦਾ ਹੈ ਕਿ ਉਹ ਟਰੱਸਟ ਦੇ ਸਾਰੇ ਲਾਭ-ਪਾਤਰਾਂ ਦੇ ਹੱਕਾਂ ਅਤੇ ਹਿੱਤਾਂ ਦੀ ਤੁਲਨਾ ਕਰੇ ਅਤੇ ਨਿਰਪੱਖ ਹੋ ਕੇ ਕੰਮ ਕਰੇ। ਕੁਝ ਟਰੱਸਟ ਪੇਪਰ ਖਾਸ ਤੌਰ 'ਤੇ ਈਵਨ ਹੈਂਡ ਰੂਲ ਨੂੰ ਬਾਹਰ ਰੱਖਦੇ ਹਨ।

## ਕੀ ਡਿਸਏਬਿਲਟੀ ਬੈਨੇਫਿਟਸ ’ਤੇ ਅਸਰ ਪੈਂਦਾ ਹੈ ਜੇ ਕੋਈ ਟਰੱਸਟ ਦਾ ਲਾਭ-ਪਾਤਰ ਹੋਵੇ?

### ਸੂਬਾਈ ਡਿਸਏਬਿਲਟੀ ਬੈਨੇਫਿਟਸ

ਕਿਸੇ ਟਰੱਸਟ ਤੋਂ ਜਾਂ ਸੂਬਾਈ ਡਿਸਏਬਿਲਟੀ ਬੈਨੇਫਿਟਸ ਤੋਂ ਪੇਮੈਂਟਾਂ ਦਾ ਅਸਰ ਸੂਬਾਈ ਪਾਲਸੀ ’ਤੇ ਅਤੇ ਇਸ ਚੀਜ਼ ’ਤੇ ਨਿਰਭਰ ਕਰਦਾ ਹੈ ਕਿ ਕੀ ਟਰੱਸਟੀ ਦੀ ਮਰਜ਼ੀ ਹੈ ਕਿ ਫੰਡ ਕਿਵੇਂ ਵਧਾਉਣੇ ਹਨ। ਜੇ ਟਰੱਸਟ ਮਰਜ਼ੀ ਵਾਲਾ ਹੈ ਤਾਂ ਬੀ ਸੀ ਦੇ *ਇਮਪਲੌਏਮੈਂਟ ਐਂਡ ਅਸਿਸਟੈਂਸ ਫਾਰ ਪਰਸਨਜ਼ ਵਿਦ ਡਿਸਏਬਿਲਟੀਜ਼ ਐਕਟ* ਅਧੀਨ ਮਿਲਣ ਵਾਲੇ ਬੈਨੇਫਿਟਸ ’ਤੇ ਆਮ ਤੌਰ ’ਤੇ ਅਸਰ ਨਹੀਂ ਪਵੇਗਾ, ਜੇ ਸੂਬਾਈ ਗਾਈਡਲਾਈਨਾਂ ਦੀ ਪਾਲਣਾ ਕੀਤੀ ਜਾਂਦੀ ਹੈ। ਜੇ ਟਰੱਸਟੀ ਕੋਲ ਮਰਜ਼ੀ ਨਹੀਂ ਹੈ ਤਾਂ ਫਿਰ ਸੂਬਾਈ ਡਿਸਏਬਿਲਟੀ ਬੈਨੇਫਿਟਸ ’ਤੇ ਅਸਰ ਪੈ ਸਕਦਾ ਹੈ। ਲਾਭ-ਪਾਤਰਾਂ ਨੂੰ ਇਹ ਪਤਾ ਲਾਉਣ ਲਈ ਆਪਣੇ ਸੂਬਾਈ ਪ੍ਰਬੰਧਕੀ ਦਫਤਰ ਨਾਲ ਸੰਪਰਕ ਕਰਨ ਦੀ ਲੋੜ ਹੈ ਕਿ ਕਿਸੇ ਖਾਸ ਟਰੱਸਟ ਦੀ ਮੌਜੂਦਗੀ ਕਾਰਨ ਉਨ੍ਹਾਂ ਦੇ ਬੈਨੇਫਿਟਸ ’ਤੇ ਕਿਵੇਂ ਅਸਰ ਪੈ ਸਕਦਾ ਹੈ।

### ਹੋਰ ਡਿਸਏਬਿਲਟੀ ਬੈਨੇਫਿਟਸ

ਹੋਰ ਕਿਸਮਾਂ ਦੇ ਡਿਸਏਬਿਲਟੀ ਬੈਨੇਫਿਟਸ ਲਈ (ਉਦਾਹਰਣ ਲਈ, ਫੈਡਰਲ ਡਿਸਏਬਿਲਟੀ ਬੈਨੇਫਿਟਸ, ਇਨਸ਼ੋਰੈਂਸ ਬੈਨੇਫਿਟਸ, ਪ੍ਰਾਈਵੇਟ ਲੌਂਗ ਟਰਮ ਡਿਸਏਬਿਲਟੀ ਬੈਨੇਫਿਟਸ), ਇਸ ਚੀਜ਼ ’ਤੇ ਬੰਦਸ਼ਾਂ ਲਾਗੂ ਹੋ ਸਕਦੀਆਂ ਹਨ ਕਿ ਲਾਭ-ਪਾਤਰ ਟਰੱਸਟ ਤੋਂ ਕੀ ਲੈ ਸਕਦਾ ਹੈ। ਇਹ ਪਤਾ ਲਾਉਣ ਲਈ ਕਿਰਪਾ ਕਰਕੇ ਡਿਸਏਬਿਲਟੀ ਬੈਨੇਫਿਟ ਦੇ ਸ੍ਰੋਤ/ਪ੍ਰਬੰਧਕ ਨਾਲ ਸੰਪਰਕ ਕਰੋ ਕਿ ਉਸ ਦੇ ਬੈਨੇਫਿਟਸ ’ਤੇ ਕਿਵੇਂ ਅਸਰ ਪੈ ਸਕਦਾ ਹੈ।

## ਟਰੱਸਟੀ ਲਈ ਭੇਤਦਾਰੀ ਦੀ ਕੀ ਸ਼ਰਤਾਂ ਹਨ?

ਸੈਟਲਰ ਦੇ ਪਰਿਵਾਰ ਜਾਂ ਦੋਸਤਾਂ ਦੇ ਲਾਭ ਲਈ ਸਥਾਪਤ ਕੀਤੇ ਗਏ ਪ੍ਰਾਈਵੇਟ ਟਰੱਸਟ ਵਿਚ, ਟਰੱਸਟੀ ਤੋਂ ਟਰੱਸਟ ਦੀ ਮੌਜੂਦਗੀ ਅਤੇ ਟਰੱਸਟ ਨਾਲ ਸੰਬੰਧਿਤ ਕੋਈ ਵੀ ਜਾਣਕਾਰੀ ਉਨ੍ਹਾਂ ਵਿਅਕਤੀਆਂ ਅਤੇ ਉਨ੍ਹਾਂ ਦੇ ਕਾਨੂੰਨੀ ਨੁਮਾਇੰਦਿਆਂ ਨੂੰ ਜ਼ਾਹਰ ਕਰਨ ਦੀ ਮੰਗ ਕੀਤੀ ਜਾ ਸਕਦੀ ਹੈ ਜਿਹੜੇ ਲਾਭ-ਪਾਤਰ ਨਹੀਂ ਹਨ। ਟਰੱਸਟੀ ਨੂੰ ਏਜੰਸੀਆਂ ਨੂੰ ਜਾਣਕਾਰੀ ਦੇਣ ਦੀ ਲੋੜ ਪੈ ਸਕਦੀ ਹੈ ਜਿਵੇਂ ਕਿ ਕੈਨੇਡਾ ਰੈਵੇਨਿਊ ਏਜੰਸੀ, ਬੀ ਸੀ ਦੀ ਸੁਪਰੀਮ ਕੋਰਟ ਜਾਂ ਪਬਲਿਕ ਗਾਰਡੀਅਨ ਐਂਡ ਟਰੱਸਟੀ (ਪੀ ਜੀ ਟੀ)। ਕੋਈ ਅਕਾਊਂਟ ਖੋਲ੍ਹਣ ਵੇਲੇ ਟਰੱਸਟੀ ਨੂੰ ਕੁਝ ਜਾਣਕਾਰੀ ਕਿਸੇ ਵਿੱਤੀ ਸੰਸਥਾ ਨੂੰ ਦੇਣ ਦੀ ਲੋੜ ਵੀ ਪੈ ਸਕਦੀ ਹੈ ਜਾਂ ਟਰੱਸਟੀ ਨੂੰ ਕਿਸੇ ਤੀਜੀ ਧਿਰ ਨੂੰ ਇਹ ਸਾਬਤ ਕਰਨ ਦੀ ਲੋੜ ਪੈ ਸਕਦੀ ਹੈ, ਜਿਵੇਂ ਕਿ ਕਿਸੇ ਕਰਜ਼ਾ ਦੇਣ ਵਾਲੇ ਨੂੰ ਕਿ ਟਰੱਸਟੀ ਕੋਲ ਖਾਸ ਲੈਣ ਦੇਣ ਕਰਨ ਦਾ ਅਧਿਕਾਰ ਹੈ। ਇਹ ਜ਼ਰੂਰੀ ਹੈ ਕਿ ਹਰ ਲਾਭ-ਪਾਤਰ ਨਾਲ ਸੰਬੰਧਿਤ ਸਾਰੀ ਜਾਣਕਾਰੀ ਟਰੱਸਟੀ ਲਈ ਉਪਲਬਧ ਹੋਵੇ ਤਾਂ ਜੋ ਟਰੱਸਟੀ ਜਾਣਕਾਰੀ ਵਾਲੇ ਫੈਸਲੇ ਕਰਨ ਸਕੇ।

*ਪੀ ਜੀ ਟੀ ਬਾਰੇ ਜ਼ਿਆਦਾ ਜਾਣਕਾਰੀ ਲਈ, ਕਿਰਪਾ ਕਰਕੇ www.trustee.bc.ca ’ਤੇ ਸਾਡੇ ਵੈੱਬਸਾਈਟ ਉੱਪਰ ਜਾਉ ਜਾਂ ਸਾਡੇ ਨਾਲ ਸੰਪਰਕ ਕਰੋ।*

# ਪਬਲਿਕ ਗਾਰਡੀਅਨ ਐਂਡ ਟਰੱਸਟੀ ਨਾਲ ਸੰਪਰਕ ਕਰੋ

## Estate and Personal Trust Services

700–808 West Hastings Street
Vancouver, BC V6C 3L3

ਵੈਨਕੂਵਰ **604 660 4444**
ਫੈਕਸ **604 660 0964**
ਈਮੇਲ **estates@trustee.bc.ca**

---

ਦੂਰੋਂ ਮੁਫਤ ਕਾਲਿੰਗ ਸਰਵਿਸ ਬੀ ਸੀ ਦੇ ਰਾਹੀਂ ਉਪਲਬਧ ਹੈ। ਆਪਣੇ ਏਰੀਏ ਲਈ ਢੁਕਵਾਂ ਨੰਬਰ ਡਾਇਲ ਕਰਨ ਤੋਂ ਬਾਅਦ (ਹੇਠਾਂ ਦੇਖੋ) ਪਬਲਿਕ ਗਾਰਡੀਅਨ ਐਂਡ ਟਰੱਸਟੀ ਵੱਲ ਬਦਲੇ ਜਾਣ ਲਈ ਬੇਨਤੀ ਕਰੋ।

ਵੈਨਕੂਵਰ **604 660 2421**
ਵਿਕਟੋਰੀਆ **250 387 6121**
ਬੀ ਸੀ ਵਿਚ ਹੋਰ ਇਲਾਕੇ **1 800 663 7867**
ਈਮੇਲ **mail@trustee.bc.ca**
ਵੈੱਬਸਾਈਟ **www.trustee.bc.ca**

*ਦਫਤਰ ਖੁੱਲ੍ਹਣ ਦਾ ਆਮ ਸਮਾਂ, ਸੋਮਵਾਰ ਤੋਂ ਸ਼ੁਕਰਵਾਰ ਤੱਕ, ਸਵੇਰ ਦੇ 8:30 ਵਜੇ ਤੋਂ ਬਾਅਦ ਦੁਪਹਿਰ 4:30 ਵਜੇ ਤੱਕ।*

ਜ਼ਰੂਰੀ ਨੋਟ:

*ਇਹ ਲਿਖਤ ਅਪਾਹਜਤਾਵਾਂ ਵਾਲੇ ਲੋਕਾਂ ਅਤੇ ਉਨ੍ਹਾਂ ਦੀ ਸੰਭਾਲ ਕਰਨ ਵਾਲਿਆਂ ਵਲੋਂ ਆਮ ਪੁੱਛੇ ਜਾਂਦੇ ਸਵਾਲਾਂ ਦੇ ਜਵਾਬ ਵਿਚ ਤਿਆਰ ਕੀਤੀ ਗਈ ਸੀ। ਇਹ ਆਮ ਜਾਣਕਾਰੀ ਦਿੰਦੀ ਹੈ ਅਤੇ ਇਹ ਕਿਸੇ ਵਕੀਲ ਤੋਂ ਮਿਲਣ ਵਾਲੀ ਕਾਨੂੰਨੀ ਸਲਾਹ ਦਾ ਬਦਲ ਨਹੀਂ ਹੈ। ਕਾਨੂੰਨੀ ਸਲਾਹ ਲੈਣ ਵਿਚ ਮਦਦ ਲਈ, ਕੈਨੇਡੀਅਨ ਬਾਰ ਐਸੋਸੀਏਸ਼ਨ ਦੀ ਲੌਈਅਰ ਰੈਫਰਲ ਸਰਵਿਸ ਨੂੰ 604.687.3221 'ਤੇ ਜਾਂ 1.800.663.1919 'ਤੇ ਫੋਨ ਕਰੋ (ਲੋਅਰ ਮੇਨਲੈਂਡ ਦੇ ਬਾਹਰੋਂ ਮੁਫਤ)।*